# ਦਫ਼ਤਰ ਫਾਇਰ ਸਟੇਸ਼ਨ ਨਗਰ ਕੌਂਸਲ ਮਾਨਸਾ

ਨੰ: 184/ਫ਼ਸ          ਮਿਤੀ: 12/01/20

ਸੇਵਾ ਵਿਖੇ

ਮਾਨਯੋਗ ਜਿਲ੍ਹਾ ਮੈਜਿਸਟ੍ਰੇਟ
ਮਾਨਸਾ।

ਵਿਸ਼ਾ:- ਪਿੰਡ ਅਹਿਮਦਪੁਰ ਬੁਢਲਾਡਾ-ਮਾਨਸਾ ਰੋਡ ਤਹਿਸੀਲ ਬੁਢਲਾਡਾ ਜਿਲ੍ਹਾ ਮਨਸਾ ਵਿਖੇ ਪੈਟਰੋਲ/ਡੀਜ਼ਲ ਦਾ ਆਊਟਲੈਟ ਸਥਾਪਤ ਕਰਨ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਬਾਰੇ।

ਹਵਾਲਾ: ਆਪ ਜੀ ਦੇ ਪੱਤਰ ਨੰ: 160/ਲਪਸ ਮਿਤੀ ਮਾਨਸਾ 08.01.2015 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇੰਡੀਅਨ ਆਇਲ ਕਾਰਪੋਰੇਸ਼ਨ ਲਿਮ: ਕੰਪਨੀ ਦਾ ਪਿੰਡ ਅਹਿਮਦਪੁਰ ਬੁਢਲਾਡਾ ਮਾਨਸਾ ਰੋਡ ਤੇ ਇੱਕ ਪੈਟਰੋਲ/ਡੀਜ਼ਲ ਦਾ ਆਊਟਲੈਟ ਸਥਾਪਤ ਕੀਤਾ ਜਾ ਰਿਹਾ ਹੈ। ਉਸ ਸਬੰਧੀ ਭੇਜੀ ਗਈ ਸਾਈਟ ਪਲਾਨ ਅਨੁਸਾਰ ਮੌਕਾ ਵੇਖਿਆ ਗਿਆ। ਮੁਤਾਬਿਕ ਮੌਕਾ ਇਸ ਜਗ੍ਹਾ ਤੇ ਫਾਇਰ ਬਿਗ੍ਰੇਡ ਦੀ ਗੱਡੀ ਅਸਾਨੀ ਨਾਲ ਆ-ਜਾ ਸਕਦੀ ਹੈ। ਇਸ ਦੇ ਨਜ਼ਦੀਕ ਕੋਈ ਰਿਹਾਇਸ਼ੀ ਮਕਾਨ ਜਾਂ ਫੈਕਟਰੀ ਆਦਿ ਨਹੀਂ ਹੈ। ਫਾਇਰ ਵਿਭਾਗ ਨੂੰ ਪੈਟਰੋਲ/ਡੀਜ਼ਲ ਦਾ ਆਊਟਲੈਟ ਸਥਾਪਤ ਕਰਨ ਸਬੰਧੀ ਐਨ.ਓ.ਸੀ. ਜਾਰੀ ਕਰਨ ਬਾਰੇ ਕੋਈ ਇਤਰਾਜ ਨਹੀਂ ਹੈ ਜੀ।

ਫਾਇਰ ਸਟੇਸ਼ਨ ਅਫਸਰ
ਫਾਇਰ ਸਟੇਸ਼ਨ ਮਾਨਸਾ

ਫਾਇਰ ਸਟੇਸ਼ਨ ਅਫ਼ਸਰ,
ਫਇਰ ਸਟੇਸ਼ਨ ਮਾਨਸਾ।

R-19
15/1/15

ਦਫ਼ਤਰ ਡਿਪਟੀ ਕਮਿਸ਼ਨਰ
529. 12/1/15.
L.P.A

ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ।

ਵੱਲੋ

ਜਿਲਾ ਨਗਰ ਯੋਜਨਾਕਾਰ,
ਬਠਿੰਡਾ।

ਸੇਵਾ ਵਿਖੇ

ਜਿਲਾ ਮੈਜਿਸਟਰੇਟ,
ਮਾਨਸਾ।

ਯਾਦ ਪੱਤਰ ਨੰ: 541 ਡੀਟੀਪੀ(ਬੀ)/ ਐਨ-15 ਮਿਤੀ 5-2-2015

ਵਿਸ਼ਾ: ਪਿੰਡ ਅਹਿਮਦਪੁਰ ਬੁਢਲਾਡਾ-ਮਾਨਸਾ ਰੋਡ ਤਹਿ:ਬੁਢਲਾਡਾ ਜ਼ਿਲਾ ਮਾਨਸਾ ਵਿਖੇ ਪੈਟਰੋਲ/ਡੀਜ਼ਲ ਦਾ ਆਊਟਲੈਟ ਸਥਾਪਿਤ ਕਰਨ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਬਾਰੇ।,

ਹਵਾਲਾ ਆਪ ਜੀ ਦਾ ਇਸ ਦਫਤਰ ਵੱਲ ਪੱਤਰ ਨੰ:158/ਲਪਸ ਮਿਤੀ 08-01-15

ਆਪ ਜੀ ਦੇ ਹਵਾਲੇ ਅਧੀਨ ਪੱਤਰ ਨਾਲ ਨੱਥੀ ਦਸਤਾਵੇਜਾਂ ਨੂੰ ਇਸ ਦਫਤਰ ਵਿਖੇ ਵਾਚਿਆ ਗਿਆ ਹੈ ਅਤੇ ਸਾਈਟ ਦਾ ਮੌਕਾ ਨਿਰੀਖਣ ਕਰਵਾਇਆ ਗਿਆ ਹੈ। ਸੂਚਿਤ ਕੀਤਾ ਜਾਂਦਾ ਹੈ ਕਿ ਪਿੰਡ ਅਹਿਮਦਪੁਰ ਜ਼ਿਲਾ ਮਾਨਸਾ ਵਿਖੇ ਪੈਟਰੋਲ/ਡੀਜ਼ਲ ਪੰਪ ਲਗਾਏ ਜਾਣ ਸਬੰਧੀ ਹੇਠ ਲਿਖੀਆਂ ਸ਼ਰਤਾਂ ਤੇ ਪ੍ਰੋਵੀਜ਼ਨਲ ਐਨ.ਓ.ਸੀ.ਜਾਰੀ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ:-

1. ਫਾਇਰ ਸੇਫਟੀ ਸਬੰਧੀ ਪੈਟਰੋਲੀਅਮ ਐਕਟ ਅਧੀਨ ਲੋੜੀਦਾ ਸਰਟੀਫਿਕੇਟ ਸਬੰਧਤ ਵਿਭਾਗ ਤੋਂ ਪ੍ਰਾਪਤ ਕਰਨ ਦੀ ਜਿੰਮੇਵਾਰੀ ਕੰਪਨੀ/ਪ੍ਰਾਰਥੀ ਦੀ ਹੋਵੇਗੀ।
2. ਸਾਈਟ ਪਿੰਡ ਅਹਿਮਦਪੁਰ ਦੇ ਖਸਰਾ ਨੰ; 109//3/2, 4/2, 7/2, 8 ਵਿੱਚ ਪੈਂਦੀ ਹੈ। ਇਸ ਲਈ ਰੈਵੀਨਿਊ/ ਮਲਕੀਤੀ ਸਬੰਧੀ ਦਸਤਾਵੇਜ਼ਾ ਦੀ ਪੁਸ਼ਟੀ ਸਬੰਧਤ ਵਿਭਾਗ ਤੋਂ ਕੰਪਨੀ/ਪ੍ਰਾਰਥੀ ਆਪਣੀ ਪੱਧਰ ਤੇ ਕਰੇਗਾ।
3. ਹੋਰ ਵਿਭਾਗਾਂ ਤੋਂ ਐਨ.ਓ.ਸੀ ਲੈਣ ਦੀ ਜਰੂਰਤ ਪਈ ਤਾਂ ਪ੍ਰਾਰਥੀ ਆਪਣੀ ਪੱਧਰ ਤੇ ਲੈਣ ਦਾ ਪਾਬੰਦ ਹੋਵੇਗਾ।
4. ਪ੍ਰਾਰਥੀ/ਕੰਪਨੀ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਬਣਦੀਆਂ ਫੀਸਾਂ ਇਸ ਦਫਤਰ ਵਿਖੇ ਜਮਾਂ ਕਰਵਾਉਣ ਦਾ ਪਾਬੰਦ ਹੋਵੇਗਾ।
5. ਸਾਈਟ ਲੋਕਲ ਪਲੈਨਿੰਗ ਏਰੀਆ, ਬੁਢਲਾਡਾ ਦੀਆਂ ਹੱਦਾ ਦੇ ਅੰਦਰ ਪੈਂਦੀ ਹੈ। ਪ੍ਰਾਰਥੀ/ਕੰਪਨੀ ਮਾਸਟਰ ਪਲੈਨ ਬੁਢਲਾਡਾ ਦੀਆਂ ਸੜਕਾਂ ਦੀ ਚੋੜਾਈ ਸਬੰਧੀ ਹਰ ਤਰ੍ਹਾਂ ਦੀਆਂ ਤਜਵੀਜ਼ਾਂ ਨੂੰ ਮੰਨਣ ਦਾ ਪਾਬੰਦ ਹੋਵੇਗਾ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜਦੋ ਸਾਈਟ ਸਬੰਧੀ ਹੋਰ ਸਬੰਧਤ ਵਿਭਾਗਾਂ ਤੋ ਇਤਰਾਜਹੀਣਤਾ ਸਰਟੀਫਿਕੇਟ ਪ੍ਰਾਪਤ ਹੋ ਜਾਣ ਤਾਂ ਫਾਈਨਲ ਐਨ.ਓ.ਸੀ.ਜਾਰੀ ਕਰਨ ਤੋ ਪਹਿਲਾਂ ਸਰਕਾਰ ਦੇ ਪੱਤਰ ਨੰ; 17/17/2001-5 ਐਚਜੀਪੀਐਫ 1824 ਮਿਤੀ 29-6-2010 ਰਾਹੀ ਜਾਰੀ ਹਦਾਇਤਾਂ ਅਨੁਸਾਰ ਅਦਾਰੇ ਨੂੰ ਸਰਕਾਰ ਦੁਆਰਾ ਨਿਰਧਾਰਤ ਬਿਲਡਿੰਗ ਫੀਸ, ਸੀ.ਐਲ.ਯੂ ਫੀਸ ਅਤੇ ਐਸ.ਆਈ.ਐਫ ਇਸ ਦਫਤਰ ਵਿਖੇ ਜਮ੍ਹਾ ਕਰਵਾਏ ਜਾਣ ਹਿਤ ਵੀ ਕੰਪਨੀ/ਪ੍ਰਾਰਥੀ ਨੂੰ ਯੋਗ ਹਦਾਇਤਾਂ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਜਿਲਾ ਨਗਰ ਯੋਜਨਾਕਾਰ,
ਬਠਿੰਡਾ।

ਦਫ਼ਤਰ : ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ, ਮਾਨਸਾ।
ਟੈਲੀਫੋਨ/ਫੈਕਸ ਨੰ: 01652-232119
E mail:- xen.mansa@gmail.com
eepdmansapwdpb@gmail.com

ਪੱਤਰ ਨੰ: ..5438....

ਮਿਤੀ...19-01-2015

ਸੇਵਾ ਵਿਖੇ

ਜਿਲ੍ਹਾ ਮੈਜਿਸਟਰੇਟ,
ਮਾਨਸਾ।

ਵਿਸ਼ਾ:- ਪਿੰਡ ਅਹਿਮਦਪੁਰ ਬੁਢਲਾਡਾ-ਮਾਨਸਾ ਰੋਡ ਤਹਿਸੀਲ ਬੁਢਲਾਡਾ ਜਿਲ੍ਹਾ ਮਾਨਸਾ ਵਿਖੇ ਪੈਟਰੋਲ/ਡੀਜਲ ਦਾ ਆਊਟਲੈਟ ਸਥਾਪਤ ਕਰਨ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਬਾਰੇ।

ਹਵਾਲਾ:- ਆਪ ਜੀ ਦਾ ਪੱਤਰ ਨੰ: 154/ਲਪਸ ਮਿਤੀ 08/01/2015

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਪੈਟਰੋਲ ਪੰਪ ਦਾ ਕੇਸ ਵਾਪਿਸ ਭੇਜਕੇ ਲਿਖਿਆ ਜਾਂਦਾ ਹੈ ਕਿ ਪੈਟਰੋਲ/ਡੀਜਲ ਦਾ ਆਊਟਲੈਟ ਲਗਾਉਣ ਸਬੰਧੀ ਸਾਈਟ ਇਸ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਨਹੀ ਹੈ। ਇਸ ਲਈ ਇਸ ਵਿਭਾਗ ਵੱਲੋ ਇਸ ਕੇਸ ਤੇ ਕੋਈ ਕਾਰਵਾਈ ਨਹੀ ਕੀਤੀ ਜਾਣੀ ਹੈ ਜੀ।

ਨੱਥੀ/ਕੇਸ ਪੇਪਰ
ਅਸਲ ਤੇ ਵਾਪਸ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ,
ਮਾਨਸਾ।

ਵੱਲੋ

ਜਿਲਾ ਕੰਟਰੋਲਰ,
ਖੁਰਾਕ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ,
ਮਾਨਸਾ।

ਸੇਵਾ ਵਿੱਚ

ਮਾਨਯੋਗ ਜਿਲਾ ਮੈਜਿਸਟਰੇਟ,
(ਲਾਇਸੰਸ ਅਤੇ ਪਾਸਪੋਰਟ ਸ਼ਾਖਾ)
ਮਾਨਸਾ।

906
LPA
FTS No ........
Date ........

ਪੱਤਰ ਨੰਬਰ ਨਿ.ਪੀ.-15/ 269 ਮਿਤੀ/ 19-01-15

ਵਿਸ਼ਾ ਪਿੰਡ ਅਹਿਮਦਪੁਰ ਬੁਡਲਾਡਾ-ਮਾਨਸਾ ਰੋਡ ਤਹਿਸੀਲ ਬੁਡਲਾਡਾ ਜਿਲਾ ਮਾਨਸਾ ਵਿਖੇ ਪੈਟਰੋਲ / ਡੀਜਲ ਦਾ ਅਊਟਲੈਟ ਸਥਾਪਤ ਕਰਨ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਬਾਰੇ।

ਹਵਾਲਾ ਆਪ ਜੀ ਦੇ ਦਫਤਰ ਦਾ ਪੱਤਰ ਨੰਬਰ 156/ਲਪਸ ਮਿਤੀ 08.01.2015 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਉਕਤ ਵਿਸ਼ੇ ਦੇ ਸਬੰਧ ਵਿਚ ਬੇਨਤੀ ਹੈ ਕਿ ਉਕਤ ਸਾਈਟ ਦੀ ਪੜਤਾਲ ਸਹਾਇਕ ਖੁਰਾਕ ਤੇ ਸਪਲਾਈਜ ਅਫਸਰ, ਬੁਡਲਾਡਾ ਪਾਸੋ ਕਰਵਾਈ ਗਈ। ਉਹਨਾਂ ਵਲੋ ਆਪਣੀ ਪੜਤਾਲ ਰਿਪੋਰਟ ਵਿਚ ਉਕਤ ਸਾਈਟ ਤੇ ਪੈਟਰੋਲ / ਡੀਜਲ ਦਾ ਆਉਟਲੈਟ ਸ਼ਥਾਪਤ ਕਰਨ ਲਈ "ਨਾਂ ਇਤਰਾਜ ਸਰਟੀਫਿਕੇਟ" ਜਾਰੀ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ। ਇਸ ਲਈ ਇਸ ਦਫਤਰ ਵਲੋ ਉਕਤ ਸਬੰਧੀ "ਨਾਂ ਇਤਰਾਜ ਸਰਟੀਫਿਕੇਟ" ਜਾਰੀ ਕੀਤਾ ਜਾਂਦਾ ਹੈ ਜੀ।

ਇਹ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ।

R- 30
27/1/15

ਜਿਲਾ ਕੰਟਰੋਲਰ,
ਖੁਰਾਕ ਸਿਵਲ ਸਪਲਾਈਜ ਅਤੇ
ਖਪਤਕਾਰ ਮਾਮਲੇ, ਮਾਨਸਾ।